# ਅਨੋਖੀ ਹੋਲੀ

ਤੇ

# ਹੋਰ ਕਹਾਣੀਆਂ

ਮਨਸ਼ੀ ਪ੍ਰੇਮ ਚੰਦ ਲਿਖਿਤ

ਅਨੁਵਾਦਿਕ

ਮੁਲਖ ਰਾਜ ਉਬਰਾਏ, ਐਮ. ਏ.

★

ਪ੍ਰੀਤ ਲੜੀ ਪਬਲਿਸ਼ਰਜ਼

ਪ੍ਰੀਤ ਨਗਰ

28850

انوکھی سولی
942

Printed by
Gur Bakhsh Singh
at the
Preet Sainik Press,
Preet Nagar.

Published by the
Sansar Preet Mandal,
(Regd.)
Preet Nagar.
Distt. Amritsar.

ਆਪਣੇ ਵਿਛੜੇ ਵੀਰ ਨੂੰ—

| | |
|---|---|
| ਮੁਕਤੀ-ਧਨ | ੯ |
| ਦੀਖਸ਼ਾ | ੨੭ |
| ਖਿਮਾ | ੫੨ |
| ਆਦਮੀ ਦਾ ਪਰਮ ਧਰਮ | ੬੬ |
| ਅਨੋਖੀ ਹੋਲੀ | ੮੦ |
| ਮੁਕਤੀ ਮਾਰਗ | ੯੦ |
| ਡਿਗਰੀ ਦੇ ਰੁਪਈਏ | ੧੦੯ |
| ਬਜਰ ਪਾਤ | ੧੩੧ |
| ਸਤਿਆਗ੍ਰਹਿ | ੧੦੬ |


# ਪ੍ਰਵੇਸ਼

ਕਲਾ-ਕਾਰ – ਭਾਵੇਂ ਕਲਮ ਨਾਲ, ਭਾਵੇਂ ਬੁਰਸ਼ ਨਾਲ, ਭਾਵੇਂ ਚੂਨੇ-ਪੱਥਰ ਨਾਲ ਆਪਣੀ ਢਾਹੂ-ਉਸਾਰੂ ਕਲਾ ਦੇ ਕਮਾਲ ਵਿਖਾਏ, ਪਹਿਲਾਂ ਇਸ ਗੱਲ ਦਾ ਨਿਰਨਾ ਆਪਣੇ ਮਨ ਵਿਚ ਕਰ ਲਿਆ ਕਰਦਾ ਹੈ ਕਿ ਮੈਂ ਇਨ੍ਹਾਂ ਤਿੰਨਾਂ ਰਿਸ਼ਤਿਆਂ ਵਿਚੋਂ ਕਿਸ ਨੂੰ ਆਪਣਾ ਪਰਧਾਨ ਖੇਤਰ ਬਣਾਵਾਂਗਾ – ਮਨੁੱਖ ਦਾ ਕਰਤਾਰ, ਸਿਰਜਨਹਾਰ ਨਾਲ ਰਿਸ਼ਤਾ, ਮਨੁੱਖ ਦਾ ਕੁਦਰਤ ਨਾਲ ਰਿਸ਼ਤਾ, ਮਨੁੱਖ ਦਾ ਮਨੁੱਖ ਨਾਲ ਰਿਸ਼ਤਾ ।

ਪ੍ਰੇਮ ਚੰਦ ਜੀ ਦੇ ਦਿਲ ਤੇ ਦਿਮਾਗ਼ ਉੱਤੇ ਮਨੁੱਖ ਦੇ ਮਨੁੱਖ ਨਾਲ ਪੁਰਾਣੇ ਤੇ ਆਧੁਨਿਕ ਸੰਬੰਧ ਦੀ ਨਿਖੇੜ ਤੇ ਉਸ ਦੀ ਇਸਲਾਹ ਛਾਈ ਹੋਈ ਸੀ। ਇਹ ਸੰਬੰਧ ਸਮਾਜੀ, ਕੁਟੰਬੀ ਤੇ ਰਾਜਨੀਤਕ ਰੂਪਾਂ ਵਿਚ ਵੰਡਿਆ ਹੋਇਆ ਹੈ। ਕੁਟੰਬ ਨਾਲ ਕਿਸ ਤਰ੍ਹਾਂ ਵਰਤੋਂ ਕਰਨੀ ਚਾਹੀਦੀ ਹੈ, ਸਮਾਜ ਦੀਆਂ ਅਡ ਅਡ ਸ਼ਰੇਣੀਆਂ ਆਪੋ ਵਿਚ ਕਿਸ ਤਰ੍ਹਾਂ ਦਾ ਕਾਰ ਵਿਹਾਰ ਕਰਨ, ਤੇ ਹਾਕਮ ਤੇ ਰਿਆਇਆ ਦਾ ਪਰਸਪਰ ਕਿਹੋ ਜਿਹਾ

ਭਅੱਲਕ ਹੋਣਾ ਚਾਹੀਦਾ ਹੈ, ਇਸ ਉੱਤੇ ਪ੍ਰੇਮ ਚੰਦ ਜੀ ਮੁੜ ਮੁੜ ਆਪਣੀਆਂ ਕਹਾਣੀਆਂ ਤੇ ਆਪਣਿਆਂ ਨਾਵਲਾਂ ਵਿਚ ਵਿਚਾਰ ਕਰਦੇ ਹਨ।

ਇਕ ਪਾਸੇ ਤਾਂ ਉਹ ਪੁਰਾਣੀ ਹਿੰਦੀ ਸਭਿਅਤਾ ਦੀਆਂ ਚੰਗੀਆਂ ਗੱਲਾਂ ਨੂੰ – ਜਿਨ੍ਹਾਂ ਵਿਚ ਅਹਿੰਸਾ, ਦਯਾ, ਅਤਿਥੀ ਸੇਵਾ, ਧਰਮ ਪਿਆਰ, ਭਰਾਵਲੀ ਤੇ ਗਿਰਾਂਗੋਈ ਹਨ – ਬਣਾਈ ਰਖਣਾ ਚਾਹੁੰਦੇ ਸਨ ਤੇ ਦੂਸਰੇ ਪਾਸੇ ਪੱਛਮੀ ਮੁਲਕਾਂ ਦੇ ਅਧਿਕਾਰ ਵਾਦ ਤੇ ਸਾਮਯਵਾਦ ਨੂੰ ਭਾਰਤ ਵਿਚ ਬੀਜਣਾ ਚਾਹੁੰਦੇ ਸਨ ਤਾਂ ਜੋ ਉਹ ਵਿਤਕਰੇ ਤੇ ਉਹ ਵਖਰੇਵੇਂ ਜਿਹੜੇ ਕਈਆਂ ਕਾਰਨਾਂ ਕਰ ਕੇ ਹਾਕਮ ਤੇ ਮਹਿਕੂਮ, ਜ਼ਿਮੀਦਾਰ ਤੇ ਕਿਸਾਨ, ਕਾਰਖ਼ਾਨਾਦਾਰ ਤੇ ਮਜ਼ਦੂਰ ਪਤੀ ਤੇ ਪਤਨੀ, ਲਹਿਣਦਾਰ ਤੇ ਦੇਣਦਾਰ ਵਿਚ ਆ ਕੇ ਦੋਹਾਂ ਧਿਰਾਂ ਦੀ ਬਰਬਾਦੀ ਦਾ ਕਾਰਨ ਬਣ ਰਹੇ ਸਨ, ਦੂਰ ਹੋ ਜਾਣ ਤੇ ਘਰ, ਸਮਾਜ, ਦੇਸ਼ ਵਿਚ ਅਜਿਹੀ ਹਵਾ ਵਗੇ ਜਿਸ ਵਿਚ ਵਿਅਕਤੀ ਆਪਣੀ ਹਰ ਤਰ੍ਹਾਂ ਦੀ ਉੱਨਤੀ ਵਧ ਤੋਂ ਵਧ ਕਰ ਸਕੇ। ਹਿੰਦੁਸਤਾਨ ਦੀ ਉਸ ਸੁਤੰਤਰਤਾ, ਉਸ ਅਮੀਰੀ, ਇਲਮੀਅਤ ਤੋਂ ਆਪਣਾ ਘਰ ਬਾਹਰ ਸੰਵਾਰ ਸਕੇ ਜਿਸ ਦੁਆਰਾ ਪੱਛਮੀ ਕੌਮਾਂ ਆਪਣਾ ਸਿਰ ਉੱਚਾ ਕਰ ਕੇ ਜੀਵਨ ਦੇ ਗੁਲਜ਼ਾਰ ਵਿਚ ਮੌਜਾਂ ਮਾਣਦੀਆਂ ਹਨ।

ਜਦ ਤੀਕ ਮਨੁੱਖ ਦਾ ਮਨੁੱਖ ਨਾਲ ਵਰਤਾਰਾ ਕਿਸੇ ਸਾਂਝੇ ਪਿਆਰੇ ਦੇ ਸਾਂਝੇ ਸੋਮੇ ਉੱਤੇ ਨਿਰਭਰ ਨਹੀਂ ਕੀਤਾ ਜਾਂਦਾ, ਜਦ ਤੀਕ ਪਰਮਾਤਮਾਂ ਦੀ ਗੋਦੀ ਵਿਚ ਮਨੁੱਖੀ ਸਮਾਨਤਾ ਦਾ ਪਵਿੱਤਰ ਸੋਮਰਸ ਨਹੀਂ ਪੀਤਾ ਜਾਂਦਾ, ਜਦ ਤੀਕ ਕੇਵਲ ਗਰਜ਼ ਦੀ (ਜਿਸਮਾਨੀ ਤੇ ਮਾਨਸਕ) ਬਨਾਉਟ ਦੀ ਸਮਾਨਤਾ ਦਾ ਖ਼ਿਆਲ ਕਦੀ ਵੀ ਸਾਡੇ ਦਿਲਾਂ ਨੂੰ ਨਹੀਂ ਗਰਮਾ ਸਕਦਾ, ਸਾਰਿਆਂ ਦਿਮਾਗ਼ਾਂ ਵਿਚ ਇਲਾਹੀ ਚਾਨਣ ਨਹੀਂ ਭਰ ਸਕਦਾ, ਸਾਨੂੰ ਅਣਗਿਣਤ ਕੁਰਬਾਨੀਆਂ ਕਰਨ ਲਈ ਨਹੀਂ ਉਭਾਰ ਸਕਦਾ, ਤੇ ਕਲਜੁਗ



ਨੂੰ ਸਤਜੁਗ ਵਿਚ ਨਹੀਂ ਬਦਲ ਸਕਦਾ। ਅਸਾਂ ਚੰਗਾ ਬਣਨਾ ਹੈ, ਦਯਾਵਾਨ ਧਰਮੀ, ਉਤਸਾਹੀ, ਨਿਸ਼ਕਾਮ ਤੇ ਗਿਆਨ ਪ੍ਰੀਯ, ਕਿਉਂਕਿ ਸਾਡੇ ਤੋਂ ਉਹ ਸੱਚਾ ਪਿਤਾ, ਸੱਚਾ ਪਰਵਦਿਗਾਰ, ਦਯਾ-ਨਿਧ, ਧਰਮ-ਰੂਪ, ਕਰਤਾ ਪੁਰਖ, ਨਿਰਭਉ, ਨਿਰਵੈਰ ਇਸ ਗਲ ਦੀ ਨਿਤ ਮੰਗ ਕਰਦਾ ਹੈ, ਸਾਡੇ ਅੰਦਰ ਬੈਠਾ ਹੋਇਆ।

ਪ੍ਰੇਮ ਚੰਦ ਜੀ ਦੀਆਂ ਜਿੰਨੀਆਂ ਕਹਾਣੀਆਂ ਏਸ ਸੰਗ੍ਰਹਿ ਵਿਚ ਹਨ, ਸਾਰੀਆਂ ਮਨੁੱਖ ਦੇ ਮਨੁੱਖ ਨਾਲ ਸੰਬੰਧ ਨੂੰ ਸੋਹਣੇ, ਸਫਲ ਤੇ ਸਜੀਵ ਬਨਾਣ ਦੀ ਗੁਪਤੀ ਪ੍ਰੇਰਨਾ ਕਰਦੀਆਂ ਹਨ, ਸਾਡਿਆਂ ਉੱਚਿਆਂ ਜਜ਼ਬਿਆਂ ਨੂੰ ਜਗਾ ਕੇ, ਸਾਡੇ ਲਈ ਦਿਲਚਸਪੀ ਦਾ ਸਮਿਆਨ ਬਣ ਕੇ, ਸਾਂਝੀ ਕਲਪਨਾ ਸ਼ਕਤੀ ਨੂੰ ਹਲੂਣ ਕੇ।

ਲਾਲਾ ਮੁਲਖ ਰਾਜ ਜੀ ਲੱਖ ਲੱਖ ਮੁਬਾਰਕ ਦੇ ਪਾਤਰ ਹਨ ਜਿਨ੍ਹਾਂ ਨੇ ਪ੍ਰਮਾਤਮਾਂ ਵਲੋਂ ਮਿਲੀ ਦਾਤ, ਇਲਮ ਤੇ ਕਲਾ, ਨੂੰ ਅਜੇਹੇ ਉੱਚੇ ਲਿਖਾਰੀ ਦੇ ਮਿਸ਼ਨ ਨੂੰ ਪੰਜਾਬੀ ਰਾਹੀਂ ਪ੍ਰਚਾਰਨ ਦਾ ਬੀੜਾ ਚੁਕਿਆ ਹੈ। ਮੈਂ ਥਾਂ ਥਾਂ ਤੋਂ ਤਰਜਮੇ ਨੂੰ ਅਸਲ ਹਿੰਦੀ ਨਾਲ ਮਿਲਾ ਕੇ ਵੇਖਿਆ ਹੈ। ਮੈਨੂੰ ਬੜੀ ਖੁਸ਼ੀ ਹੋਈ ਹੈ ਇਹ ਵੇਖ ਕੇ ਕਿ ਮੁਲਖ ਰਾਜ ਜੀ ਨੇ ਇਕ ਪਾਸੇ ਪ੍ਰੇਮ ਚੰਦ ਦੀ ਸ਼ੈਲੀ ਤੇ ਵਿਚਾਰਾਂ ਨਾਲ, ਤੇ ਦੂਜੇ ਪਾਸੇ ਪੰਜਾਬੀ ਭਾਸ਼ਾ ਨਾਲ ਪੂਰਾ ਪੂਰਾ ਇਨਸਾਫ਼ ਕੀਤਾ ਹੈ।

ਸ਼ਾਇਦ ਏਸ ਕਾਮਯਾਬੀ ਦਾ ਇਕ ਵੱਡਾ ਕਾਰਨ ਇਹ ਵੀ ਹੋਵੇ ਕਿ ਪ੍ਰੇਮ ਚੰਦ ਜੀ ਦੇ ਸੱਚੇ ਸ਼ਰਧਾਲੂ ਤੇ ਪੰਜਾਬੀ ਦੇ ਹਿਤੂ ਹੋਣ ਤੋਂ ਛੁਟ, ਮੁਲਖ ਰਾਜ ਜੀ ਉਹੀ ਸਾਦਾ ਜੀਵਨ ਜੀਉਂਦੇ ਹਨ ਜਿਹੜੇ ਪ੍ਰੇਮ ਚੰਦ ਦਾ ਵਿਸ਼ੇਸ਼ ਚਿੰਨ੍ਹ ਸੀ। ਮੈਂ ਪ੍ਰੇਮ ਚੰਦ ਜੀ ਨੂੰ ਬਹੁਤ ਨੇੜੇ ਹੋ ਕੇ ਲਖਨਊ ਵਿਚ ਵੇਖਿਆ ਸੀ ਤੇ ਮੈਨੂੰ ਉਨ੍ਹਾਂ ਦੀ ਸਾਦਗੀ, ਉਨ੍ਹਾਂ ਦੇ ਸਿਦਕ, ਉਨ੍ਹਾਂ ਦੇ

ਆਦਰਸ਼-ਪਿਆਰ, ਉਨ੍ਹਾਂ ਦੇ ਸ੍ਵੈ-ਮਾਨ ਦੇ ਕਈ ਝਲਕਾਰ ਨਜ਼ਰ ਆਏ ਸਨ। ਮੁਲਖ ਰਾਜ ਜੀ ਨੂੰ ਵੇਖਦਾ ਹਾਂ ਤਾਂ ਪ੍ਰੇਮ ਚੰਦ ਜੀ ਦੀ ਝਲਕ ਇਨ੍ਹਾਂ ਵਿਚ ਚੋਖੀ ਨਜ਼ਰ ਆਉਂਦੀ ਹੈ। ਆਸ ਕਰਦਾ ਹਾਂ ਕਿ ਸਾਹਿਤ-ਸੇਵਾ ਦੇ ਮੈਦਾਨ ਵਿਚ ਇਹ ਵੀ ਵਧ ਤੋਂ ਵਧ ਸਫਲਤਾ ਪ੍ਰਾਪਤ ਕਰਨ ਲਈ ਉਤਸ਼ਕ ਬਣੇ ਰਹਿਣਗੇ।

ਓਰੀਐਂਟਲ ਕਾਲਿਜ
੩-੩-੪੩

ਮੋਹਨ ਸਿੰਘ

# ਮੁਕਤੀ-ਧਨ

ਭਾਰਤਵਰਸ਼ ਵਿਚ ਜਿੰਨੇ ਕਾਰ ਰੁਜ਼ਗਾਰ ਦੇ ਧੰਦੇ ਹਨ, ਉਨ੍ਹਾਂ ਸਾਰਿਆਂ ਵਿਚੋਂ ਸ਼ਾਹੂਕਾਰੇ ਦਾ ਕੰਮ ਵਧੀਕ ਲਾਭਵੰਦ ਹੈ। ਆਮ ਤੌਰ ਤੇ ਸੂਦ ਦਰ ੨੫ ਰੁਪਏ ਸੈਂਕੜਾ ਸਾਲਾਨਾ ਹੈ। ਮਕਾਨ ਜ਼ੇਵਰ ਗਹਿਣੇ ਰਖ ਕੇ ੧੨ ਰੁਪਏ ਸੈਂਕੜਾ ਸਾਲਾਨਾ ਸੂਦ ਤੇ ਰੁਪਿਆ ਮਿਲ ਸਕਦਾ ਹੈ; ਪਰ ਏਦੂੰ ਘਟ ਮਿਲਣਾ ਸੰਭਵ ਨਹੀਂ। ਇਹੋ ਜਿਹੇ ਬਹੁਤ ਘਟ ਕਾਰ ਰੁਜ਼ਗਾਰ ਹਨ ਜਿਨ੍ਹਾਂ ਵਿਚ ੧੫ ਫ਼ੀ ਸਦੀ ਤੋਂ ਵੱਧ ਲਗ ਸਕੇ, ਅਤੇ ਉਹ ਵੀ ਬਿਨਾਂ ਕਿਸੇ ਝੰਜਟ ਦੇ! ਏਸ ਤੇ ਵੀ ਨਜ਼ਰਾਨੇ ਦੀ ਰਕਮ ਵੱਖਰੀ, ਲਿਖਾਈ ਅਲੱਗ, ਦਲਾਲੀ ਅਲੱਗ, ਅਦਾਲਤ ਦਾ ਖਰਚਾ ਵਖਰਾ। ਇਹ ਸਾਰੀਆਂ ਰਕਮਾਂ ਵੀ ਕਿਸੇ ਨਾ ਕਿਸੇ ਤਰ੍ਹਾਂ ਮਹਾਜਨ ਦੀ ਜੇਬ ਵਿਚ ਹੀ ਜਾਂਦੀਆਂ ਹਨ। ਏਸੇ ਕਾਰਨ ਏਥੇ ਲੈਣ-ਦੇਣ ਦਾ ਕੰਮ ਏਨੀ ਤਰੱਕੀ ਤੇ ਹੈ ਕਿ ਵਕੀਲ, ਡਾਕਟਰ, ਸਰਕਾਰੀ ਮੁਲਾਜ਼ਮ, ਜ਼ਿਮੀਂਦਾਰ, ਜਿਸ ਦੇ ਕੋਲ ਵਾਧੂ ਰੁਪਿਆ ਹੋਵੇ, ਉਹ ਇਹ ਰੁਜ਼ਗਾਰ ਚਲਾ ਸਕਦਾ ਹੈ। ਆਪਣੀ ਪੂੰਜੀ ਦੀ ਏਸ ਤੋਂ ਵਧ ਲਾਹੇ ਵਾਲੀ ਵਰਤੋਂ ਨਹੀਂ ਹੋ ਸਕਦੀ। ਲਾਲਾ ਦਾਊ ਦਿਆਲ ਵੀ ਏਸੇ ਤਰ੍ਹਾਂ ਦੇ ਮਹਾਜਨ ਸਨ। ਉਹ ਕਚਹਿਰੀ ਵਿਚ ਮੁਖ਼ਤਾਰਗੀਰੀ ਕਰਦੇ ਸਨ, ਅਤੇ ਜੋ ਕੁਝ ਜੋੜਦੇ ਜੰਗੋੜਦੇ ੨੫, ੩੦ ਰੁਪਏ ਸੈਂਕੜਾ ਦੀ ਦਰ ਤੇ ਵਿਆਜੀ ਚਾੜ੍ਹ ਦਿੰਦੇ। ਉਨ੍ਹਾਂ ਦਾ ਕਾਰ-ਰੁਜ਼ਗਾਰ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.